Vigilance Bureau, Punjab
Vigilance Bhawan,Sector-68, SAS Nagar
Phone: 0172-2217100-200 (Control Room& Fax)

ਵਿਜੀਲੈਂਸ ਬਿਊਰੋ, ਪੰਜਾਬ।
ਵਿਜੀਲੈਂਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)

## ਹੁਕਮ

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਕਰੀਮੀਨਲ ਅਪੀਲ ਨੰਬਰ 2003 ਆਫ 2012 ਬਾਬਤ ਰਿਤੇਸ਼ ਸਿਨਹਾ ਵਰਸਿਸ ਸਟੇਟ ਆਫ ਉਤਰ ਪ੍ਰਦੇਸ਼ ਅਤੇ ਹੋਰ ਵਿੱਚ ਮਿਤੀ 02.08.2019 ਨੂੰ ਦਿੱਤੇ ਗਏ ਫੈਸਲੇ ਦੇ ਸਨਮੁੱਖ ਤਫਤੀਸ਼ ਦੌਰਾਨ ਦੋਸ਼ੀ ਦੀ ਅਵਾਜ ਦੇ ਨਮੂਨੇ ਹਾਸਲ ਕਰਨ ਬਾਰੇ ਇਸ ਦਫਤਰ ਵੱਲੋਂ ਜਾਰੀ ਕੀਤੇ ਸਰਕੂਲਰ ਨੰਬਰ 8/2019 ਵਿੱਚ ਲਿਖਿਆ ਹੈ ਕਿ:-

"ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਕਰੀਮੀਨਲ ਅਪੀਲ ਨੰਬਰ 2003 ਆਫ 2012 ਬਾਬਤ ਰਿਤੇਸ਼ ਸਿਨਹਾ ਵਰਸਿਜ਼ ਸਟੇਟ ਆਫ ਉਤਰ ਪ੍ਰਦੇਸ਼ ਅਤੇ ਹੋਰ ਵਿੱਚ ਮਿਤੀ 02-08-2019 ਨੂੰ ਦਿੱਤੇ ਗਏ ਫੈਸਲੇ ਨੂੰ ਆਪ ਦੇ ਧਿਆਨ ਵਿੱਚ ਲਿਆਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਤਫਤੀਸ਼ ਦੌਰਾਨ ਤਫਤੀਸ਼ੀ ਅਫਸਰ ਵੱਲੋਂ ਹੁਣ ਦੋਸ਼ੀ ਦੀ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਦੋਸ਼ੀ ਦੀ ਗ੍ਰਿਫਤਾਰੀ ਉਪਰੰਤ ਦੋਸ਼ੀ ਦੀ ਸਹਿਮਤੀ ਹਾਸਲ ਕਰਨੀ ਲੋੜੀਂਦੀ ਨਹੀਂ ਹੈ, ਪ੍ਰੰਤੂ ਦੋਸ਼ੀ ਦੇ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਸਬੰਧਤ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਦਰਖਾਸਤ ਪੇਸ਼ ਕੀਤੀ ਜਾਣੀ ਲਾਜਮੀ ਹੈ। ਜੇਕਰ ਦੋਸ਼ੀ ਪਾਸੋਂ ਉਸ ਦੀ ਅਵਾਜ ਦੇ ਨਮੂਨੇ ਹਾਸਲ ਲਈ ਅਸਹਿਮਤੀ ਵੀ ਦਿੱਤੀ ਜਾਂਦੀ ਹੈ ਤਾਂ ਵੀ ਸਬੰਧਤ ਮੈਜਿਸਟ੍ਰੇਟ ਦੋਸ਼ੀ ਦੀ ਅਵਾਜ ਦੇ ਨਮੂਨੇ ਹਾਸਲ ਕਰਨ ਲਈ ਤਫਤੀਸ਼ੀ ਅਫਸਰ ਨੂੰ ਆਪਣੇ ਹੁਕਮ/ਫੈਸਲੇ ਰਾਹੀਂ ਦਿਸ਼ਾ ਨਿਰਦੇਸ ਦੇ ਸਕਦਾ ਹੈ।"

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਕਰੀਮੀਨਲ ਅਪੀਲ ਨੰਬਰ 2003 ਆਫ 2012 ਬਾਬਤ ਰਿਤੇਸ਼ ਸਿਨਹਾ ਵਰਸਿਜ਼ ਸਟੇਟ ਆਫ ਉਤਰ ਪ੍ਰਦੇਸ਼ ਅਤੇ ਹੋਰ ਵਿੱਚ ਮਿਤੀ 02-08-2019 ਨੂੰ ਦਿੱਤੇ ਗਏ ਫੈਸਲੇ ਦੇ ਪੈਰਾ ਨੰਬਰ 28 ਵਿੱਚ ਇਹ ਹੁਕਮ ਕੀਤਾ ਹੈ ਕਿ:-

"..... we unhesitatingly take the view that until explicit provisions are engrafted in the Code of Criminal Procedure by parliament, a Judicial Magistrate must be conceded the power to order a person to give a sample of his voice for the purpose of investigation of a crime. Such power has to be conferred on a Magistrate by a process of judicial interpretation and in exercise of jurisdiction vested in this Court under Article 142 of the Constitution of India. We order accordingly and consequently dispose the appeals in terms of the above."

ਉਪਰੋਕਤ ਦੇ ਸਨਮੁੱਖ ਵਿਜੀਲੈਂਸ ਬਿਊਰੋ ਦੀਆਂ ਸਾਰੀਆਂ ਰੇਂਜਾਂ/ਯੂਨਿਟਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਵੀ ਤਫਤੀਸ਼ ਦੌਰਾਨ ਦੋਸ਼ੀ ਦੀ ਅਵਾਜ ਦੇ ਨਮੂਨੇ ਲੈਣੇ ਹੋਣ ਤਾਂ ਇਸਦੇ ਸਬੰਧ ਵਿੱਚ ਮਾਨਯੋਗ ਅਦਾਲਤਾਂ ਵਿੱਚ ਦਰਖਾਸਤ ਦੇਣੀ ਲਾਜਮੀ ਹੈ। ਮਾਨਯੋਗ ਸੁਪਰੀਮ ਕੋਰਟ ਵੱਲੋਂ ਕੀਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹੀ/-
ਬੀ.ਕੇ.ਉਪਲ, ਆਈ.ਪੀ.ਐਸ
ਮੁੱਖ ਡਾਇਰੈਕਟਰ,

ਨੰਬਰ 3253-74 /ਵਬ/ਐਸ-3 ਮਿਤੀ : 28-1-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
2. ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
3. ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ, ਵਿਜੀਲੈਸ ਬਿਊਰੋ, ਪੰਜਾਬ।
4. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
5. ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ, ਵਿਜੀਲੈਸ ਬਿਊਰੋ, ਪੰਜਾਬ।
6. ਸੰਯੁਕਤ ਡਾਇਰੈਕਟਰ/ਕਰਾਈਮ, ਵਿਜੀਲੈਸ ਬਿਊਰੋ, ਪੰਜਾਬ।
7. ਸੰਯੁਕਤ ਡਾਇਰੈਕਟਰ/ਸਿਕਾਇਤ ਸੈਲ, ਵਿਜੀਲੈਸ ਬਿਊਰੋ, ਪੰਜਾਬ।
8. ਸੰਯੁਕਤ ਡਾਇਰੈਕਟਰ/ਪ੍ਰਾਸੀਕਿਊਸ਼ਨ, ਵਿਜੀਲੈਸ ਬਿਊਰੋ, ਪੰਜਾਬ।
9. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
10. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ-2, ਪੰਜਾਬ।
11. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਪੰਜਾਬ।
12. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਅੰਮ੍ਰਿਤਸਰ।
13. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਜਲੰਧਰ।
14. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਲੁਧਿਆਣਾ।
15. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ।
16. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਿਰੋਜਪੁਰ।
17. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਬਠਿੰਡਾ।
18. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਫਰੀਦਕੋਟ।
19. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੂਪਨਗਰ ਰੇਂਜ ਐਟ ਐਸ.ਏ.ਐਸ ਨਗਰ।
20. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਅ:ਅ:ਸਾਖਾ, ਹੈਡਕੁਆਟਰ ਲੁਧਿਆਣਾ।
21. ਐਸ.ਓ. ਟੂ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
22. ਇੰਨਚਾਰਜ ਵੈਬ ਮੈਨਟੀਨੈਂਸ ਸੈੱਲ, ਵਿਜੀਲੈਂਸ ਬਿਊਰੋ, ਪੰਜਾਬ।

ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ,
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।